# ਇੱਥੇ ਘਰ ਵਿਚ ਪੜ੍ਹਨਾ ਉਤਸ਼ਾਹਤ ਕਰਨ ਲਈ 7 ਚੋਣਵੇ ਸੁਝਾਅ ਦਿੱਤੇ ਗਏ ਹਨ:

PUNJABI

**1** ਪੜ੍ਹੋ ਅਤੇ ਥੋੜ੍ਹਾ ਹੋਰ ਪੜ੍ਹੋ!

ਕਿਤਾਬਾਂ ਸ਼ਾਨਦਾਰ ਹਨ—ਪਰ ਪਰਚੇ, ਕਾਮਿਕਸ, ਖਾਣਾ ਪਕਾਉਣ ਦੇ ਤਰੀਕੇ ਅਤੇ ਇਕ ਵੈਬਪੇਜ਼ ਉੱਪਰ ਦਿੱਤੀਆਂ ਹਦਾਇਤਾਂ, ਇਹ ਸਭ ਵੀ ਸ਼ਾਨਦਾਰ ਹੋ ਸਕਦੇ ਹਨ।

**2** ਆਪਣੇ ਬੱਚੇ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੋ।

ਕੀ? ਕਦੋ? ਕਿੱਥੇ? ਕਿਉਂ?

**3** ਆਪਣੇ ਬੱਚੇ ਨੂੰ ਇਸ ਬਾਰੇ ਸੋਚਣ ਲਈ ਕਹੋ ਕਿ ਅੱਗੇ ਕੀ ਵਾਪਰ ਸਕਦਾ ਹੈ।

ਜੇ ਇਹ ਇਕ ਕਿਤਾਬ ਹੈ, ਤਾਂ ਸਾਹਮਣੇ ਦੇ ਕਵਰ ਨੂੰ—ਜਾਂ ਆਖਰੀ ਪਾਠ ਨੂੰ ਦੇਖੋ—ਅਤੇ ਇਸ ਬਾਰੇ ਗੱਲ ਕਰੋ ਕਿ ਅੱਗੇ ਕੀ ਵਾਪਰ ਸਕਦਾ ਹੈ।

**4** ਜਦੋਂ ਤੁਹਾਡਾ ਬੱਚਾ ਪੜ੍ਹਨਾ ਸਮਾਪਤ ਕਰ ਲਵੇ, ਪੜ੍ਹੇ ਪਾਠ ਵਿਚ ਜੋ ਵਾਪਰਿਆ ਹੋਏ ਉਸ ਬਾਰੇ ਗੱਲ ਕਰੋ।

ਤੁਹਾਡੇ ਬੱਚੇ ਦੁਆਰਾ ਜੋ ਕੁਝ ਵੀ ਪੜ੍ਹਿਆ ਗਿਆ ਹੈ, ਉਸਨੂੰ ਯਾਦ ਰੱਖਣ ਲਈ ਤੁਸੀਂ ਆਪਣੇ ਬੱਚੇ ਨੂੰ ਪੜ੍ਹਨ ਵਾਲੀ ਡਾਇਰੀ ਰੱਖਣ ਲਈ ਕਹਿ ਸਕਦੇ ਹੋ।

**5** ਜੋ ਕੁਝ ਤੁਹਾਡੇ ਬੱਚੇ ਦੁਆਰਾ ਪੜ੍ਹਿਆ ਗਿਆ ਹੈ ਉਸ ਬਾਰੇ ਲਿਖਣ ਲਈ ਆਪਣੇ ਬੱਚੇ ਨੂੰ ਕਹੋ।

ਪੜ੍ਹੀ ਗਈ ਕਿਸੇ ਵੀ ਚੀਜ਼ ਬਾਰੇ ਲਿਖਣ, ਜਾਂ ਤਸਵੀਰਾਂ ਬਣਾਉਣ ਲਈ ਕਹੋ!

**6** ਪੜ੍ਹੀ ਗਈ ਚੀਜ਼ ਬਾਰੇ ਜਿੰਨਾ ਹੋ ਸਕੇ ਗੱਲ ਕਰੋ।

ਜਦੋਂ ਤੁਸੀਂ ਪੜ੍ਹਨ ਬਾਰੇ ਗੱਲ ਕਰਦੇ ਹੋ, ਤੁਸੀਂ ਆਪਣੇ ਬੱਚੇ ਨੂੰ ਇਹ ਦਰਸਾਉਂਦੇ ਹੋ ਕਿ ਇਹ ਕਿੰਨਾ ਮਹੱਤਵਪੂਰਨ ਹੈ।

**7** ਪੜ੍ਹਨ ਪ੍ਰਤੀ ਪਿਆਰ ਨੂੰ ਸਾਂਝਾ ਕਰੋ।

ਤੁਹਾਡਾ ਬੱਚਾ ਪੂਰੇ ਪਰਿਵਾਰ ਨੂੰ ਪੜ੍ਹਨ ਲਾ ਸਕਦਾ ਹੈ!
**'ਦਾਦਾ ਜੀ ਤੁਹਾਨੂੰ ਇਸ ਕਿਤਾਬ ਨੂੰ ਪੜ੍ਹਨਾ ਚਾਹੀਦਾ ਹੈ, ਕਿਉਂਕਿ ਤੁਸੀਂ ਮਜ਼ਾਕੀਆ ਕਹਾਣੀਆਂ ਪਸੰਦ ਕਰਦੇ ਹੋ'**

Education Endowment Foundation